ਭਾਰਤ ਤੇ ਚੀਨ ਵਿੱਚ ਟੈਕਟੀਕਲ ਯੁੱਧ ਸ਼ੁਰੂ-੨

ਕਰਨਲ ਡਾ: ਦਲਵਿੰਦਰ ਸਿੰਘ ਗ੍ਰੇਵਾਲ

ਲਦਾਖ ਵਿੱਚ ਐਲ ਏ ਸੀ ਦੇ ਨੋ ਮੈਨਜ਼ ਲੈਂਡ ਤੇ ਅਪ੍ਰੈਲ ੨੦੨੦ ਪਿੱਛੋਂ ਫਿੰਗਰ ੪-੮, ਦਿਪਸਾਂਗ, ਚੌਕੀ ੧੭, ੧੭ ਏ ਆਦਿ ਤੇ ਕਬਜ਼ਾ ਕਰਨ ਪਿੱਛੋਂ ਪੱਕੀਆਂ ਬੈਰਕਾਂ ਬਣਾਉਣ ਬਾਰੇ ਪੰਦਰਾਂ ਵਾਰ ਜਨਰਲ ਪੱਧਰ, ਰੱਖਿਆ ਮੰਤਰੀ ਪੱਧਰ ਤੇ ਵਿਦੇਸ਼ ਮੰਤਰੀ ਪੱਧਰ ਦੀਆਂ ਗੱਲਬਾਤਾਂ ਤੋਂ ਬਾਦ ਵੀ ਚੀਨ ਇਲਾਕਾ ਛੱਡਣਾ ਨਹੀਂ ਮੰਨਿਆਂ ਤਾਂ ਭਾਰਤ ਕੋਲ ਗਲਬਾਤ ਛੱਡ ਕੇ ਐਕਸ਼ਨ ਲੈਣ ਬਿਨਾ ਕੋਈ ਚਾਰਾ ਨਹੀਂ ਰਿਹਾ।

ਚੀਨ ਨੂੰ ਦੂਜਿਆਂ ਦੇ ਇਲਾਕੇ ਕਬਜ਼ਾਉਣ ਦੀ ਬੁਰੀ ਲਤ ਲੱਗੀ ਹੋਈ ਹੈ ਜਿਸ ਲਈ ਉਸ ਨੇ ਫਿਲਪੀਨਜ਼, ਜਾਪਾਨ ਤੇ ਤੈਵਾਨ ਆਦਿ ਦੇ ਕੁਝ ਟਾਪੂਆਂ ਤੇ ਕਬਜ਼ੇ ਦੀ ਕੋਸ਼ਿਸ਼ ਕੀਤੀ ਹੈ। ਭੂਟਾਨ ਵਿਚ ਡੋਕਲਾਮ ਦਾ ਇਲਾਕਾ, ਨੇਪਾਲ ਵਿਚ ਐਵਰੈਸਟ ਚੋਟੀ, ਪਾਕਿਸਤਾਨ ਵਿਚ ਪੀ ਓ ਕੇ ਦਾ ਉਤਰੀ ਇਲਾਕਾ, ਤਿੱਬਤ, ਇਨਰ ਮੰਗੋਲੀਆ ਤੇ ਹੁਣ ਤਵਾਂਗ ਇਸ ਦੀ ਇਸ ਇਲਾਕਾ-ਭੁੱਖ ਦਾ ਸ਼ਿਕਾਰ ਹੋ ਰਹੇ ਹਨ। ਕਈ ਛੋਟੇ ਅਫਰੀਕਨ ਦੇਸ਼ਾਂ ਨੂੰ ਕਰਜ਼ੇ ਥੱਲੇ ਦੱਬ ਕੇ ਕਬਜ਼ਾ ਕਰਨ ਦੀ ਸਕੀਮ ਵੀ ਲੰਬੀ ਹੈ।ਭਾਰਤ ਦੇ ਇਲਾਕੇ ਨੂੰ ਹੌਲੀ ਹੌਲੀ ਕਬਜ਼ਾਉਣ ਲਈ ਇਸ ਨੇ ਲਦਾਖ ਉਪਰ ਅਪ੍ਰੈਲ ੨੦੨੦ ਵਿੱਚ ਇਹੋ ਖੇਡ ਖੇਡੀ ਪਰ ਭਾਰਤ ਤਾਂ ਡਟ ਗਿਆ ਹੈ ਤੇ ਚੀਨ ਦੇ ਇਸ ਹਾਬੜ ਪੁਣੇ ਨੂੰ ਰੋਕੇਗਾ ਇਸ ਵਿੱਚ ਕੋਈ ਸ਼ਕ ਨਹੀਂ।

ਲਦਾਖ ਦਾ ਇਲਾਕਾ ਜਿਥੇ ਹੁਣ ਚੀਨ-ਭਾਰਤ ਝੜਪਾਂ ਹੋ ਰਹੀਆਂ ਹਨ

ਭਾਰਤ ਨੇ ਅਪਣੇ ੫੦,੦੦੦ ਸੈਨਿਕ, ਤੋਪਖਾਨਾਂ, ਟੈਂਕ, ਜਹਾਜ਼, ਹੈਲੀਕਾਪਟਰ ਸਭ ਅਗਲੀਆਂ ਪੋਜੀਸ਼ਨਾਂ ਤੇ ਲੈ ਆਂਦੇ ਤੇ ਚੀਨ ਦੇ ੫੦,੦੦੦ ਸੈਨਿਕ, ਤੋਪਖਾਨਾਂ, ਟੈਂਕ, ਬੰਬਰ, ਹੈਲੀਕਾਪਟਰ ਦੇ ਮੁਕਾਬਲੇ ਲਦਾਖ ਹੱਦ ਤੇ ਬਰਾਬਰੀ ਤੇ ਲਾ ਦਿਤੇ। ਚੀਨ ਜਦ ਕੀਤੇ ਹੋਏ ਵਾਅਦਿਆਂ ਤੋਂ ਮੁੱਕਰਦਾ ਰਿਹਾ ਤਾਂ ਭਾਰਤ ਦੀ ਸੈਨਾ ਨੇ ਪੈਗੋਂਗ ਸ਼ੋ ਦੇ ਦੱਖਣ ਵੱਲ, ਦੱਖਣੀ ਲਦਾਖ ਵਿੱਚ ਖਾਲੀ ਚੋਟੀਆਂ

੨੯-੩੦ ਅਗਸਤ ਨੂੰ ਬਲੈਕ ਟਾਪ ਅਤੇ ਹੈਲਮੈਟ ਅਪਣੇ ਕਬਜ਼ੇ ਵਿਚ ਕਰ ਲਈਆਂ ਜਿਸ ਵਿਚ ਕਰਨਲ ਰਣਬੀਰ ਸਿੰਘ ਜਸਵਾਲ ਦਾ ਬਹੁਤ ਵਧੀਆ ਰੋਲ ਰਿਹਾ। ਫਿੰਗਰ ੪ ਵੀ ੧ ਸਿਤੰਬਰ ਨੂੰ ਕਬਜ਼ੇ ਵਿਚ ਕਰ ਲਈ ਤੇ ੭ ਸਤੰਬਰ ਨੂੰ ਸੇਨਾਪਾਉ ਤੇ ਫਿਰ ਮੁਖਪਰੀ ਪਹਾੜੀਆਂ ਲੈ ਲਈਆਂ। ਫਿੰਗਰ ੪ ਨੂੰ ਦੁਬਾਰਾ ਲੈਣ ਲਈ ਵਿਕਾਸ ਸਪੈਸ਼ਲ ਫਰੰਟੀਅਰ ਫੋਰਸ ਜਿਸ ਵਿਚ ਉਨ੍ਹਾਂ ਦੇ ਬਟਾਲੀਅਨ ਦਾ ਬਹੁਤ ਵੱਧੀਆ ਰੋਲ ਰਿਹਾ ਜਿਨ੍ਹਾਂ ਦੀ ਚੀਨੀਆਂ ਨਾਲ ਝੜਪ ਵੀ ਹੋਈ ।ਇਸ ਝੜਪ ਵਿਚ ਵਿਕਾਸ ਦਾ ਅਫਸਰ ਨਈਮਾ ਟੈਨਜ਼ਿਨ ਸ਼ਹੀਦ ਹੋਇਆ ਤੇ ਦੋ ਹੋਰ ਲੜਾਕੇ ਜ਼ਖਮੀ ਹੋਈ। ਪੀ ਐਲ ਏ ਦੇ ੬ ਆਦਮੀ ਮਾਰੇ ਗਏ ਦੱਸੇ ਜਾਂਦੇ ਹਨ।

ਅਸਲ ਵਿਚ ਭਾਰਤ ਵਲੋਂ ਟੈਕਟੀਕਲ ਐਕਸ਼ਨ ਉਦੋਂ ਲਿਆ ਗਿਆ ਜਦੋਂ ਚੀਨ, ਨੇ ਮਾਲਦੋ ਇਲਾਕੇ ਵਿੱਚ ਭਾਰੀ ਮਾਤਰਾ ਵਿੱਚ ਟੈਂਕ ਇਕੱਠੇ ਕਰ ਲਏ ਜਿਨ੍ਹਾਂ ਦਾ ਇਰਾਦਾ ਭਾਰਤ ਦੀਆਂ ਹੋਰ ਚੌਕੀਆਂ ਤੇ ਕਬਜ਼ਾ ਕਰਨਾ ਸੀ। ਜਦ ੨੮-੨੯ ਦੀ ਰਾਤ ੧੦੦੦ ਦੇ ਕਰੀਬ ਚੀਨੀ ਸੈਨਿਕ ਭਾਰਤੀ ਇਲਾਕੇ ਵੱਲ ਵਧਣ ਲੱਗੇ ਤਾਂ ਚਿਤੰਨ ਭਾਰਤੀਆਂ ਨੇ ਇਕ ਦਮ ਅਲਰਟ ਕਰ ਦਿਤਾ ਤੇ ਇੱਕ ਵੱਡੀ ਨਫਰੀ ਨੇ ਚੀਨੀਆਂ ਨੂੰ ਠੱਲ ਪਾ ਦਿਤੀ ਤੇ ਉਹ ਵਾਪਿਸ ਮੁੜ ਗਏ। ਚੀਨੀਆਂ ਦੀ ਵਿਗੜੀ ਹੋਈ ਨੀਤੀ ਦੀ ਮੱਦੇ ਨਜ਼ਰ ਨੇ ਉੱਚੀਆ ਚੋਟੀਆਂ ਤੇ ਕਬਜ਼ਾ ਕਰਨਾ ਸ਼ੁਰੂ ਕਰ ਦਿਤਾ ਜਿਨਾਂ ਵਿੱਚ ਹੈਲਮੇਟ ਤੇ ਬਲੈਕ ਟੌਪ ਵੀ ਸਨ।

ਚੀਨ ਹੁਣ ਲਗਾਤਾਰ ਕੋਸ਼ਿਸ਼ ਕਰ ਰਿਹਾ ਹੈ ਕਿ ਜੋ ਪਹਾੜੀਆਂ ਭਾਰਤ ਨੇ ਲੈ ਲਈਆਂ ਹਨ ਉਨ੍ਹਾਂ ਨੂੰ ਅਪਣੇ ਕਬਜ਼ੇ ਵਿੱਚ ਲੈ ਲਵੇ। ਇਸੇ ਦਾ ਨਤੀਜੇ ਵਜੋਂ ਉਨ੍ਹਾਂ ਨੇ ੭ ਸਤੰਬਰ ਨੂੰ ੬-੭ ਵਜੇ ਸ਼ਾਮ ਭਾਰਤੀ ਇਲਾਕੇ ਵੱਲ ਵਧਣਾ ਸ਼ੁਰੂ ਕੀਤਾ ਤਾਂ ਭਾਰਤੀ ਅੱਗੇ ਆ ਡਟੇ ਇਹ ਦੇਖ ਕੇ ਚੀਨੀਆਂ ਨੇ ਪਰਾਟੋ ਕੌਲ ਤੋੜਦੇ ਹੋਏ ਭਾਰਤੀਆਂ ਤੇ ਗੋਲੀਆਂ ਦਾਗੀਆਂ।ਭਾਰਤੀਆਂ ਨੇ ਵੀ ਬਦਲੇ ਵਿੱਚ ਅਸਮਾਨੀ ਫਾਇਰ ਕੀਤੇ ਤਾਂ ਚੀਨੀ ਵਾਪਸ ਮੁੜ ਗਏ। ਭਾਰਤੀਆ ਨੇ ਸੇਨਾਪਾਉ, ਮੁਖਪਰੀ ਪਹਾੜੀਆਂ ਤੇ ਅਪਣੇ ਸੈਨਿਕ ਬਿਠਾ ਦਿਤੇ।